# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

**08:30**

**ਮਿਤੀ : 10-09-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਕੇਂਦਰੀ ਮੰਤਰੀ ਮੰਡਲ ਨੇ ਰੇਲਵੇ ਦੇ 20 ਹਜ਼ਾਰ 800 ਕਰੋੜ ਰੁਪਏ ਤੋਂ ਵੱਧ ਦੇ ਅੱਠ ਰੇਲਵੇ ਮਲਟੀਟ੍ਰੈਕਿੰਗ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਏ।

- ਭਾਰਤ ਨੇ ਬ੍ਰਿਕਸ ਦੇਸ਼ਾਂ ਨੂੰ ਅੰਤਰਰਾਸ਼ਟਰੀ ਵਪਾਰ ਵਿੱਚ ਔਰਤ ਉੱਦਮੀਆਂ ਅਤੇ ਔਰਤਾਂ ਦੀ ਅਗਵਾਈ ਵਾਲੇ ਕਾਰੋਬਾਰਾਂ ਨੂੰ ਉਤਸ਼ਾਹਿਤ ਕਰਨ ਲਈ ਰਲ ਕੇ ਕੰਮ ਕਰਨ ਦਾ ਸੱਦਾ ਦਿੱਤਾ ਏ।

- ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਅੱਜ ਨਵੀਂ ਦਿੱਲੀ ਵਿੱਚ ਦੇਸ਼ ਭਰ ਦੇ ਪ੍ਰਮੁੱਖ ਕਿਸਾਨ ਸੰਗਠਨਾਂ ਦੇ ਸੀਨੀਅਰ ਆਗੂਆਂ ਨਾਲ ਨਵਾਂ ਅਤੇ ਸਖ਼ਤ ਬੀਜ

ਕਾਨੂੰਨ ਲਿਆਉਣ ਸੰਬੰਧੀ ਇੱਕ ਉੱਚ-ਪੱਧਰੀ ਸਲਾਹ-ਮਸ਼ਵਰਾ ਕਰਨਗੇ।

- ਭਾਰਤ ਨੇ ਤਬਾਹਕੁੰਨ ਹੜ੍ਹਾਂ ਦੇ ਮੱਦੇਨਜ਼ਰ ਨੇਪਾਲ ਨੂੰ ਰਾਹਤ ਸਮਗਰੀ ਨਾਲ 8 ਵਾਂ ਜਹਾਜ਼ ਤੇ ਫੋਰੈਂਸਿਕ ਮਾਹਿਰ ਭੇਜੇ।

- ਸੰਯੁਕਤ ਰਾਸ਼ਟਰ ਦੀ ਪ੍ਰਮਾਣੂ ਨਿਗਰਾਨ ਸੰਸਥਾ ਨੇ ਪ੍ਰਮਾਣੂ ਨੇਮਾਂ ਦੀ ਪਾਲਣਾ ਨਾ ਕਰਨ ਕਰਕੇ, ਈਰਾਨ ਦਾ ਮਾਮਲਾ ਸੁਰੱਖਿਆ ਕੌਂਸਲ ਨੂੰ ਭੇਜਿਆ ਏ।

- ਹਾਕੀ ਵਿੱਚ, ਭਾਰਤ ਦੀ ਮਰਦਾਂ ਦੀ ਟੀਮ, ਜੂਨੀਅਰ ਹਾਕੀ ਏਸ਼ੀਆ ਕੱਪ ਦੇ ਸੈਮੀਫਾਈਨਲ ਵਿੱਚ ਅਤੇ ਔਰਤਾਂ ਦੀ ਟੀਮ ਕੁਆਰਟਰ ਫਾਈਨਲ ਵਿੱਚ ਪਹੁੰਚ ਗਈ ਏ।

***ਹੁਣ ਖਬਰਾਂ ਵਿਸਥਾਰ ਨਾਲ***

ਸਰਕਾਰ ਨੇ 20 ਹਜ਼ਾਰ 800 ਕਰੋੜ ਰੁਪਏ ਤੋਂ ਵੱਧ ਦੇ ਨਿਵੇਸ਼ ਨਾਲ ਅੱਠ ਰੇਲਵੇ ਮਲਟੀਟ੍ਰੈਕਿੰਗ ਪ੍ਰੋਜੈਕਟਾਂ ਨੂੰ ਮਨਜ਼ੂਰੀ ਦੇ ਦਿੱਤੀ ਏ। ਇਨ੍ਹਾਂ

ਪ੍ਰੋਜੈਕਟਾਂ ਦਾ ਉਦੇਸ਼ ਲਾਈਨ ਸਮਰੱਥਾ ਵਧਾਉਣਾ, ਸੰਚਾਲਨ ਕੁਸ਼ਲਤਾ ਵਿੱਚ ਸੁਧਾਰ ਕਰਨਾ ਅਤੇ ਮੁੱਖ ਰੂਟਾਂ 'ਤੇ ਭੀੜ- ਭਾੜ ਘਟਾਉਣਾ ਏ।

ਕੱਲ੍ਹ ਕੈਬਨਿਟ ਮੀਟਿੰਗ ਤੋਂ ਬਾਅਦ, ਸੂਚਨਾ ਅਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਕਿ 10 ਹਜ਼ਾਰ 783 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਵਾਲੇ ਤਿੰਨ ਪ੍ਰੋਜੈਕਟ ਪੱਛਮੀ ਬੰਗਾਲ, ਝਾਰਖੰਡ, ਓਡੀਸ਼ਾ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਦੇ 14 ਜ਼ਿਲ੍ਹਿਆਂ ਨੂੰ ਕਵਰ ਕਰਨਗੇ। ਇਹ ਮੌਜੂਦਾ ਰੇਲਵੇ ਨੈੱਟਵਰਕ ਨੂੰ ਕਰੀਬ 656 ਕਿਲੋਮੀਟਰ ਤੱਕ ਵਧਾਏਗਾ। ਇਨ੍ਹਾਂ ਵਿੱਚ ਖੜਗਪੁਰ-ਝਾਰਸੁਗੁੜਾ ਚੌਥੀ ਲਾਈਨ, ਕਟਨੀ-ਪੇਂਡ੍ਰਾ ਰੋਡ ਚੌਥੀ ਲਾਈਨ ਅਤੇ ਬਿਲਾਸਪੁਰ-ਪੇਂਡ੍ਰਾ ਰੋਡ ਤੀਜੀ ਲਾਈਨ ਸ਼ਾਮਿਲ ਨੇ. ਇਹਨਾਂ ਨੂੰ 2029-30 ਤੱਕ ਪੂਰਾ ਕੀਤਾ ਜਾਏਗਾ -

**BYTE: ASHWINI KHARAGPUR**

ਮੰਤਰੀ ਮੰਡਲ ਨੇ ਤਾਮਿਲਨਾਡੂ, ਆਂਧਰਾ ਪ੍ਰਦੇਸ਼, ਕਰਨਾਟਕ ਅਤੇ ਤੇਲੰਗਾਨਾ ਦੇ 17 ਜ਼ਿਲ੍ਹਿਆਂ ਨੂੰ ਕਵਰ ਕਰਨ ਵਾਲੇ ਪੰਜ ਪ੍ਰੋਜੈਕਟ ਵੀ ਮਨਜ਼ੂਰ ਕੀਤੇ ਨੇ. ਇਸ ਨਾਲ ਨੈੱਟਵਰਕ ਦਾ ਕਰੀਬ 540 ਕਿਲੋਮੀਟਰ ਤੱਕ ਪਸਾਰ ਹੋਵੇਗਾ।

ਸ੍ਰੀ ਵੈਸ਼ਨਵ ਨੇ ਇਹ ਵੀ ਦੱਸਿਆ ਕਿ ਸਰਕਾਰ ਨੇ ਕਰੀਬ 11,000 ਕਿਲੋਮੀਟਰ ਲੰਮੇ ਸਾਰੇ ਸੱਤ ਉੱਚ-ਆਵਾਜਾਈ ਵਾਲੇ ਰੇਲਵੇ ਕੋਰੀਡੋਰਾਂ ਨੂੰ ਚੌਗੁਣਾ ਕਰਨ ਦਾ ਫੈਸਲਾ ਕੀਤਾ ਏ, ਇਨ੍ਹਾਂ ਵਿੱਚ ਦਿੱਲੀ-ਹਾਵੜਾ, ਮੁੰਬਈ-ਹਾਵੜਾ, ਦਿੱਲੀ-ਮੁੰਬਈ, ਦਿੱਲੀ-ਗੁਹਾਟੀ, ਦਿੱਲੀ-ਚੇਨਈ , ਹਾਵੜਾ-ਚੇਨਈ ਅਤੇ ਮੁੰਬਈ-ਚੇਨਈ ਸ਼ਾਮਿਲ ਨੇ. 2,000 ਕਿਲੋਮੀਟਰ

ਤਹਿਤ ਆਉਣ ਵਾਲਾ ਚੌਗੁਣੀ ਲਾਈਨ ਨਿਰਮਾਣ ਪਹਿਲਾਂ ਹੀ ਪੂਰਾ ਹੋ ਚੁੱਕਾ ਏ -

**BYTE: ASHWINI FOUR LANE**

ਮੁੰਬਈ-ਅਹਿਮਦਾਬਾਦ ਬੁਲੇਟ ਟ੍ਰੇਨ ਪ੍ਰੋਜੈਕਟ ਦੇ ਸੰਬੰਧ ਵਿੱਚ, ਸ਼੍ਰੀ ਵੈਸ਼ਨਵ ਨੇ ਕਿਹਾ ਕਿ ਸੇਵਾ, ਅਗਲੇ ਸਾਲ ਸ਼ੁਰੂ ਹੋਵੇਗੀ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਰੇਲਵੇ ਮਲਟੀਟਰੈਕਿੰਗ ਪ੍ਰੋਜੈਕਟਾਂ ਬਾਰੇ ਕੈਬਨਿਟ ਦੇ ਫੈਸਲੇ ਨਾਲ ਯਾਤਰੀ ਆਵਾਜਾਈ ਤੇਜ਼ ਹੋਵੇਗੀ, ਸੰਪਰਕ ਵਿੱਚ ਸੁਧਾਰ ਹੋਵੇਗਾ ਅਤੇ ਮਾਲ ਢੋਆ-ਢੁਆਈ ਦੀ ਸਮਰੱਥਾ ਵਿੱਚ ਵਾਧਾ ਹੋਵੇਗਾ। ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਮਲਟੀ-ਟਰੈਕਿੰਗ ਪ੍ਰੋਜੈਕਟ ਛੱਤੀਸਗੜ੍ਹ, ਝਾਰਖੰਡ, ਮੱਧ ਪ੍ਰਦੇਸ਼, ਓਡੀਸ਼ਾ ਅਤੇ ਪੱਛਮੀ ਬੰਗਾਲ ਵਿੱਚ ਰੇਲਵੇ ਨੈੱਟਵਰਕ ਦਾ ਪਸਾਰ ਕਰਨਗੇ ਅਤੇ ਸੰਪਰਕ ਵਿੱਚ ਸੁਧਾਰ ਕਰਨਗੇ। ਸ਼੍ਰੀ ਮੋਦੀ ਨੇ ਕਿਹਾ ਕਿ ਇਹ ਪ੍ਰੋਜੈਕਟ ਵਿਰਸੇ ਅਤੇ ਜੰਗਲੀ ਜੀਵ ਸੈਰ-ਸਪਾਟੇ ਨੂੰ ਮਹੱਤਵਪੂਰਨ ਹੁਲਾਰਾ ਦੇਣਗੇ, ਨਾਲ ਹੀ ਲੌਜਿਸਟਿਕਸ ਲਾਗਤਾਂ ਨੂੰ ਘਟਾਉਣ ਵਿੱਚ ਮਦਦ ਕਰਨਗੇ।

-----------------------------------------------------------

ਵਪਾਰ ਤੇ ਸਨਅਤ ਮੰਤਰੀ ਪਿਊਸ਼ ਗੋਇਲ ਨੇ ਬ੍ਰਿਕਸ ਦੇਸ਼ਾਂ ਨੂੰ ਅੰਤਰਰਾਸ਼ਟਰੀ ਵਪਾਰ ਵਿੱਚ ਔਰਤ ਉੱਦਮੀਆਂ ਅਤੇ ਔਰਤਾਂ ਦੀ

ਅਗਵਾਈ ਵਾਲੇ ਕਾਰੋਬਾਰਾਂ ਨੂੰ ਉਤਸ਼ਾਹਿਤ ਕਰਨ ਲਈ ਰਲ ਕੇ ਕੰਮ ਕਰਨ ਦਾ ਸੱਦਾ ਦਿੱਤਾ ਏ । ਕੱਲ੍ਹ ਨਵੀਂ ਦਿੱਲੀ ਵਿੱਚ ਬ੍ਰਿਕਸ WBA ਔਰਤਾਂ ਦੀ-ਅਗਵਾਈ ਵਾਲੇ ਵਿਕਾਸ ਸੰਮੇਲਨ ਨੂੰ ਸੰਬੋਧਨ ਕਰਦਿਆਂ ਸ਼੍ਰੀ ਗੋਇਲ ਨੇ ਔਰਤਾਂ ਲਈ ਕਰਜ਼ੇ ਅਤੇ ਬਾਜ਼ਾਰਾਂ ਤੱਕ ਆਸਾਨ ਪਹੁੰਚ ਦੇ ਨਾਲ-ਨਾਲ ਸਪੱਸ਼ਟ ਅਤੇ ਸਥਿਰ ਵਪਾਰਕ ਨੇਮਾਂ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਭਾਰਤ ਮਾਲੀ ਸਮਾਵੇਸ਼, ਸਿੱਖਿਆ, ਹੁਨਰ ਵਿਕਾਸ ਅਤੇ ਬਿਹਤਰ ਜੀਵਨ ਪੱਧਰ ਰਾਹੀਂ ਔਰਤਾਂ ਨੂੰ ਮਜ਼ਬੂਤ ਬਣਾਉਣ 'ਤੇ ਧਿਆਨ ਕੇਂਦਰਿਤ ਕਰ ਰਿਹਾ ਏ, ਤਾਂ ਜੋ ਉਹ ਦੇਸ਼ ਦੇ ਆਰਥਿਕ ਵਿਕਾਸ ਵਿੱਚ ਵੱਡੀ ਭੂਮਿਕਾ ਨਿਭਾ ਸਕਣ। ਸ਼੍ਰੀ ਗੋਇਲ ਨੇ ਕਿਹਾ ਕਿ ਭਾਰਤ ਵਿੱਚ ਕਰੀਬ 30 ਕਰੋੜ ਔਰਤਾਂ ਦੇ ਬੈਂਕ ਖਾਤੇ ਨੇ. ਆਪਣਾ ਕਾਰੋਬਾਰ ਸ਼ੁਰੂ ਕਰਨ ਵਾਲੀਆਂ ਔਰਤਾਂ ਨੂੰ ਬਿਨਾ ਕਿਸੇ ਜ਼ਮਾਨਤ ਦੇ ਕਰਜ਼ੇ ਵੀ ਦਿੱਤੇ ਜਾ ਰਹੇ ਨੇ.

**BYTE: GOYAL ON WOMEN**

ਸ਼੍ਰੀ ਗੋਇਲ ਨੇ ਸਰਕਾਰਾਂ ਨੂੰ ਅੰਤਰਰਾਸ਼ਟਰੀ ਵਪਾਰ ਮੇਲਿਆਂ, ਕਾਨਫਰੰਸਾਂ, ਸੈਮੀਨਾਰਾਂ, ਨੁਮਾਇਸ਼ਾਂ ਅਤੇ ਵਪਾਰਕ ਫੋਰਮਾਂ ਵਿੱਚ ਔਰਤਾਂ ਦੀ ਮਲਕੀਅਤ ਵਾਲੇ ਉੱਦਮਾਂ ਦੀ ਵੱਧ ਤੋਂ ਵੱਧ ਹਿੱਸੇਦਾਰੀ ਨੂੰ ਉਤਸ਼ਾਹਿਤ ਕਰਨ ਦੀ ਅਪੀਲ ਵੀ ਕੀਤੀ।

---------------------------------------------------

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕੱਲ੍ਹ ਕੋਲੰਬੋ ਵਿੱਚ ਸ੍ਰੀਲੰਕਾ ਦੇ ਪ੍ਰਧਾਨ ਮੰਤਰੀ ਡਾ. ਹਰੀਨੀ ਅਮਰਾ ਸੂਰੀਆ ਨਾਲ ਮੁਲਾਕਾਤ ਕੀਤੀ। ਦੋਵਾਂ ਨੇਤਾਵਾਂ ਨੇ ਕਈ ਮੁੱਦਿਆਂ 'ਤੇ ਚਰਚਾ ਕੀਤੀ, ਜਿਨ੍ਹਾਂ ਵਿੱਚ ਮੀਟਿੰਗ ਦਾ ਮੁੱਖ ਕੇਂਦਰ ਵਿਕਾਸ ਦੇ ਖੇਤਰ ਵਿੱਚ ਸਹਿਯੋਗ ਸੀ। ਉਨ੍ਹਾਂ ਨੇ ਸਿੱਖਿਆ, ਸੂਚਨਾ ਤਕਨੋਲੋਜੀ, ਬੁਨਿਆਦੀ ਢਾਂਚਾ, ਨਵੀਨਤਾ ਅਤੇ ਖੋਜ ਸਮੇਤ ਆਪਸੀ ਹਿੱਤਾਂ ਦੇ ਖੇਤਰਾਂ ਵਿੱਚ ਪ੍ਰਗਤੀ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਭਾਰਤ ਅਤੇ ਸ੍ਰੀਲੰਕਾ ਵਿਚਕਾਰ ਪੁਰਾਤਨ ਸੱਭਿਅਤਾ ਸਬੰਧਾਂ 'ਤੇ ਵੀ ਚਰਚਾ ਕੀਤੀ ਅਤੇ ਦੋਵਾਂ ਦੇਸ਼ਾਂ ਵਿਚਕਾਰ ਇੱਕ ਸਥਾਈ ਸੰਬੰਧ ਵਜੋਂ ਮਜ਼ਬੂਤ ਲੋਕਾਂ-ਤੋਂ-ਲੋਕਾਂ ਦੇ ਵਟਾਂਦਰੇ ਨੂੰ ਉਜਾਗਰ ਕੀਤਾ।

---------------------------------------------------------------

ਸਰਕਾਰ ਦੇਸ਼ ਦੇ ਕਿਸਾਨਾਂ ਨੂੰ ਨਕਲੀ ਅਤੇ ਘਟੀਆ ਬੀਜਾਂ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਾਉਣ ਲਈ ਇੱਕ ਨਵਾਂ ਅਤੇ ਸਖ਼ਤ ਬੀਜ ਕਾਨੂੰਨ ਲਿਆਉਣ ਦੀ ਤਿਆਰੀ ਕਰ ਰਹੀ ਏ । ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਇਸ ਸਬੰਧ ਵਿੱਚ ਅੱਜ ਨਵੀਂ ਦਿੱਲੀ ਵਿੱਚ ਦੇਸ਼ ਭਰ ਦੇ ਪ੍ਰਮੁੱਖ ਕਿਸਾਨ ਸੰਗਠਨਾਂ ਦੇ ਸੀਨੀਅਰ ਆਗੂਆਂ ਨਾਲ ਇੱਕ ਉੱਚ-ਪੱਧਰੀ ਸਲਾਹ-ਮਸ਼ਵਰਾ ਕਰਨਗੇ। ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਨੇ ਕਿਹਾ ਏ ਕਿ ਤਜਵੀਜ਼ ਸ਼ੁਦਾ ਕਾਨੂੰਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਖੁਸ਼ਹਾਲ ਅਤੇ ਆਤਮ-ਨਿਰਭਰ ਕਿਸਾਨ ਭਾਈਚਾਰੇ ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਲਈ

ਸਰਕਾਰ ਦੇ ਯਤਨਾਂ ਦਾ ਹਿੱਸਾ ਏ। ਇਸਨੇ ਕਿਹੈ ਕਿ ਸਲਾਹ-ਮਸ਼ਵਰੇ ਦਾ ਉਦੇਸ਼ ਕਿਸਾਨਾਂ ਦੇ ਜ਼ਮੀਨੀ ਪੱਧਰ ਦੇ ਤਜ਼ਰਬਿਆਂ, ਸੁਝਾਵਾਂ ਅਤੇ ਚਿੰਤਾਵਾਂ ਨੂੰ ਸਿੱਧੇ ਬੀਜ ਕਾਨੂੰਨ ਦੇ ਖਰੜੇ ਵਿੱਚ ਸ਼ਾਮਿਲ ਕਰਨਾ ਏ। ਮੰਤਰਾਲੇ ਨੇ ਇਹ ਵੀ ਕਿਹਾ ਏ ਕਿ ਤਜਵੀਜ਼ਸ਼ੁਦਾ ਨਵੇਂ ਬੀਜ ਕਾਨੂੰਨ ਵਿੱਚ ਨਕਲੀ, ਮਿਲਾਵਟੀ ਜਾਂ ਘਟੀਆ ਬੀਜਾਂ ਦੀ ਵਿਕਰੀ ਵਿੱਚ ਸ਼ਾਮਿਲ ਕੰਪਨੀਆਂ ਅਤੇ ਵਪਾਰੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਦਾ ਪ੍ਰਬੰਧ ਕਰਨ ਦੀ ਉਮੀਦ ਏ, ਜਿਸ ਵਿੱਚ ਭਾਰੀ ਜੁਰਮਾਨੇ ਅਤੇ ਕੈਦ ਸ਼ਾਮਿਲ ਏ। ਸਰਕਾਰ ਬੀਜ ਮਾਫੀਆ ਦੀਆਂ ਗਤੀਵਿਧੀਆਂ ਨੂੰ ਰੋਕਣ ਅਤੇ ਕਿਸਾਨਾਂ ਨੂੰ ਧੋਖਾਧੜੀ ਅਤੇ ਘਟੀਆ-ਗੁਣਵੱਤਾ ਵਾਲੇ ਬੀਜਾਂ ਤੋਂ ਬਚਾਉਣ ਲਈ ਇੱਕ ਮਜ਼ਬੂਤ ਅਤੇ ਪ੍ਰਭਾਵਸ਼ਾਲੀ ਨੇਮ੍ਬ੍ਧੀ ਢਾਂਚਾ ਬਣਾਉਣ ਦਾ ਇਰਾਦਾ ਰੱਖਦੀ ਏ।

ਇਸ ਸਲਾਹ-ਮਸ਼ਵਰੇ ਵਿੱਚ Bharatiya Kisan Union (BKU) ਦੇ ਵਖ – ਵਖ ਖੇਮੇ, All India Kisan Coordination Committee (AIKCC), Kisan Maha-panchayat, Bharatiya Krishak Samaj, Gaon Kisan Unnayan ਅਤੇ Society for Independent Farmers Association (SIFA)ਤੋਂ ਕਿਸਾਨ ਨੁਮਾਇੰਦੇ ਇੱਕ ਥਾਂ ਇਕਠੇ ਹੋਣਗੇ .ਕਈ ਰਾਜਾਂ ਦੇ ਜ਼ਮੀਨੀ ਪੱਧਰ ਦੇ ਕਿਸਾਨ ਪ੍ਰਤੀਨਿਧੀ ਵੀ ਕੇਂਦਰੀ ਖੇਤੀਬਾੜੀ ਮੰਤਰੀ ਦੇ ਸਾਹਮਣੇ ਆਪਣੇ ਵਿਚਾਰ ਰੱਖਣਗੇ।

----------------

ਨੇਪਾਲ ਵਿੱਚ ਆਏ ਭਿਆਨਕ ਹੜ੍ਹਾਂ ਦੇ ਮੱਦੇਨਜ਼ਰ, ਭਾਰਤ ਨੇ ਮਾਨਵਤਾਵਾਦੀ ਸਹਾਇਤਾ ਤੇਜ਼ ਕਰਦਿਆਂ, 130 ਟਨ ਤੋਂ ਵੱਧ ਦੀ ਰਾਹਤ ਸਮੱਗਰੀ ਭੇਜੀ ਏ। ਭਾਰਤ ਨੇ ਖੋਜ, ਬਚਾਅ ਅਤੇ ਫੋਰੈਂਸਿਕ ਕਾਰਜਾਂ ਵਿੱਚ ਮਦਦ ਲਈ 54 ਮਾਹਰ ਵੀ ਤਾਇਨਾਤ ਕੀਤੇ ਨੇ। ਨੇਪਾਲ ਵਿੱਚ ਭਾਰਤੀ ਦੂਤਘਰ ਨੇ ਕੱਲ੍ਹ ਦੱਸਿਆ ਕਿ, ਭਾਰਤੀ ਹਵਾਈ ਫੌਜ ਦਾ ਅੱਠਵਾਂ ਜਹਾਜ਼, 35 ਟਨ ਰਾਹਤ ਅਤੇ ਬਚਾਅ ਸਮੱਗਰੀ ਲੈ ਕੇ ਕਾਠਮੰਡੂ ਪਹੁੰਚਿਆ।

----------------------------------------------------

ਮਾਲੀ ਕਾਰਵਾਈਆਂ ਬਾਰੇ ਟਾਸਕ ਫੋਰਸ FATF ਨੇ ਦੇਸ਼ਾਂ ਨੂੰ ਮਾਲੀ ਅਪਰਾਧਾਂ ਲਈ ਗੇਮਿੰਗ ਅਤੇ ਵੱਖ-ਵੱਖ ਜੂਏਬਾਜ਼ੀ ਪਲੇਟਫਾਰਮਾਂ ਦੀ ਵੱਧ ਰਹੀ ਦੁਰਵਰਤੋਂ ਬਾਰੇ ਚੇਤਾਵਨੀ ਦਿੱਤੀ ਏ । ਟਾਸਕ ਫੋਰਸ ਨੇ ਕਿਹਾ ਏ ਕਿ ਅਪਰਾਧੀ ਜੂਏਬਾਜ਼ੀ ਪਲੇਟਫਾਰਮਾਂ ਦੀ ਵਰਤੋਂ ਅਸਲ ਵਿੱਚ ਜੂਏਬਾਜ਼ੀ ਤੋਂ ਬਿਨਾਂ ਪੈਸੇ ਦਾ ਲੈਣ ਦੇਣ ਕਰ ਰਹੇ ਨੇ.ਓਹ ਵੱਡੀ ਰਕਮ ਨੂੰ ਕਈ ਛੋਟੇ ਲੈਣ-ਦੇਣ ਵਿੱਚ ਵੰਡ ਰਹੇ ਨੇ, ਅਤੇ ਨਾਲ ਹੀ ਫੜ੍ਹੇ ਜਾਣ ਤੋਂ ਬਚਣ ਲਈ ਅਸਾਧਾਰਨ ਜਾਂ ਤਾਲਮੇਲ ਵਾਲਾ ਸੱਟਾ ਲਾ ਰਹੇ ਨੇ. ਟਾਸਕ ਫੋਰਸ ਨੇ ਗੈਰ-ਕਾਨੂੰਨੀ ਅਤੇ ਗੈਰ-ਲਾਇਸੈਂਸਸ਼ੁਦਾ ਔਨਲਾਈਨ ਜੂਏ ਨੂੰ ਇੱਕ ਵੱਡਾ ਜੋਖਮ ਦੱਸਿਆ ਏ।

-------------------------------------------------------

ਸੰਯੁਕਤ ਰਾਸ਼ਟਰ ਦੀ ਪ੍ਰਮਾਣੂ ਨਿਗਰਾਨ ਸੰਸਥਾ ਨੇ 20 ਸਾਲਾਂ ਵਿੱਚ ਪਹਿਲੀ ਵਾਰ ਈਰਾਨ ਦਾ ਮਾਮਲਾ ਸੁਰੱਖਿਆ ਕੌਂਸਲ ਨੂੰ ਭੇਜਿਆ ਏ। ਈਰਾਨ ਵਿੱਚ ਮਿਲੇ ਯੂਰੇਨੀਅਮ ਦੇ ਸਬੂਤਾਂ ਦੀ ਲੰਮੇ ਸਮੇਂ ਤੋਂ ਚੱਲ ਰਹੀ ਜਾਂਚ ਵਿੱਚ ਈਰਾਨ ਸਹਿਯੋਗ ਨਹੀਂ ਕਰ ਰਿਹਾ ਸੀ।

ਅੰਤਰਰਾਸ਼ਟਰੀ ਪਰਮਾਣੂ ਊਰਜਾ ਏਜੰਸੀ (IAEA) ਦੇ 35 ਮੈਂਬਰੀ ਬੋਰਡ ਨੇ ਇਸ ਮਤੇ ਨੂੰ ਮਨਜ਼ੂਰੀ ਦੇ ਦਿੱਤੀ। ਮਤੇ ਦੇ ਹੱਕ ਵਿਚ 23 ਵੋਟਾਂ ਪਈਆਂ, ਪੰਜ ਵਿਰੋਧ ਵਿੱਚ ਅਤੇ ਅੱਠ ਮੈਂਬਰ ਵੋਟਿੰਗ ਤੋਂ ਦੂਰ ਰਹੇ । ਇਹ ਮਤਾ ਅਮਰੀਕਾ, ਬਰਤਾਨੀਆ, ਫਰਾਂਸ ਅਤੇ ਜਰਮਨੀ ਵਲੋਂ ਪੇਸ਼ ਕੀਤਾ ਗਿਆ ਸੀ। ਰੂਸ, ਚੀਨ ਅਤੇ ਨਾਈਜਰ ਨੇ ਇਸਦੇ ਖਿਲਾਫ਼ ਵੋਟ ਦਿੱਤੀ।

-------------------------------------------------------

ਹਾਕੀ ਵਿੱਚ, ਭਾਰਤ ਦੀ ਮਰਦਾਂ ਦੀ ਟੀਮ, ਜੂਨੀਅਰ ਹਾਕੀ ਏਸ਼ੀਆ ਕੱਪ ਦੇ ਸੈਮੀਫਾਈਨਲ ਵਿੱਚ ਅਤੇ ਔਰਤਾਂ ਦੀ ਟੀਮ ਕੁਆਰਟਰ ਫਾਈਨਲ ਵਿੱਚ ਪਹੁੰਚ ਗਈ ਏ।

'ਵਿਸ਼ਵ ਤੀਰਅੰਦਾਜ਼ੀ ਪੈਰਾ ਸੀਰੀਜ਼' ਦਾ ਤੀਜਾ ਪੜਾਅ ਕੱਲ੍ਹ ਅਹਿਮਦਾਬਾਦ ਵਿੱਚ ਖ਼ਤਮ ਹੋ ਗਿਆ ਏ। ਭਾਰਤ ਨੇ 4 ਸੋਨੇ ਦੇ, 3

ਚਾਂਦੀ ਦੇ ਅਤੇ 8 ਕਾਂਸੀ ਦੇ ਤਮਗਿਆਂ ਸਮੇਤ ਕੁੱਲ 15 ਤਮਗੇ ਹਾਸਿਲ ਕੀਤੇ।

---------------------------------------------------

- ਕੇਂਦਰੀ ਮੰਤਰੀ ਮੰਡਲ ਨੇ ਰੇਲਵੇ ਦੇ 20 ਹਜ਼ਾਰ 800 ਕਰੋੜ ਰੁਪਏ ਤੋਂ ਵੱਧ ਦੇ ਅੱਠ ਰੇਲਵੇ ਮਲਟੀਟ੍ਰੈਕਿੰਗ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਏ।

- ਭਾਰਤ ਨੇ ਬ੍ਰਿਕਸ ਦੇਸ਼ਾਂ ਨੂੰ ਅੰਤਰਰਾਸ਼ਟਰੀ ਵਪਾਰ ਵਿੱਚ ਔਰਤ ਉੱਦਮੀਆਂ ਅਤੇ ਔਰਤਾਂ ਦੀ ਅਗਵਾਈ ਵਾਲੇ ਕਾਰੋਬਾਰਾਂ ਨੂੰ ਉਤਸ਼ਾਹਿਤ ਕਰਨ ਲਈ ਰਲ ਕੇ ਕੰਮ ਕਰਨ ਦਾ ਸੱਦਾ ਦਿੱਤਾ ਏ।

- ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਅੱਜ ਨਵੀਂ ਦਿੱਲੀ ਵਿੱਚ ਦੇਸ਼ ਭਰ ਦੇ ਪ੍ਰਮੁੱਖ ਕਿਸਾਨ ਸੰਗਠਨਾਂ ਦੇ ਸੀਨੀਅਰ ਆਗੂਆਂ ਨਾਲ ਨਵਾਂ ਅਤੇ ਸਖ਼ਤ ਬੀਜ ਕਾਨੂੰਨ ਲਿਆਉਣ ਸੰਬੰਧੀ ਇੱਕ ਉੱਚ-ਪੱਧਰੀ ਸਲਾਹ-ਮਸ਼ਵਰਾ ਕਰਨਗੇ।

- ਭਾਰਤ ਨੇ ਤਬਾਹਕੁੰਨ ਹੜ੍ਹਾਂ ਦੇ ਮੱਦੇਨਜ਼ਰ ਨੇਪਾਲ ਨੂੰ ਰਾਹਤ ਸਮਗਰੀ ਨਾਲ 8 ਵਾਂ ਜਹਾਜ਼ ਤੇ ਫੋਰੈਂਸਿਕ ਮਾਹਿਰ ਭੇਜੇ।

- ਸੰਯੁਕਤ ਰਾਸ਼ਟਰ ਦੀ ਪ੍ਰਮਾਣੂ ਨਿਗਰਾਨ ਸੰਸਥਾ ਨੇ ਪ੍ਰਮਾਣੂ ਨੇਮਾਂ ਦੀ ਪਾਲਣਾ ਨਾ ਕਰਨ ਕਰਕੇ, ਈਰਾਨ ਦਾ ਮਾਮਲਾ ਸੁਰੱਖਿਆ ਕੌਂਸਲ ਨੂੰ ਭੇਜਿਆ ਏ।

- ਹਾਕੀ ਵਿੱਚ, ਭਾਰਤ ਦੀ ਮਰਦਾਂ ਦੀ ਟੀਮ, ਜੂਨੀਅਰ ਹਾਕੀ ਏਸ਼ੀਆ ਕੱਪ ਦੇ ਸੈਮੀਫਾਈਨਲ ਵਿੱਚ ਅਤੇ ਔਰਤਾਂ ਦੀ ਟੀਮ ਕੁਆਰਟਰ ਫਾਈਨਲ ਵਿੱਚ ਪਹੁੰਚ ਗਈ ਏ।

---

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ, ਸਾਡਾ ਅਗਲਾ ਪ੍ਰਾਦੇਸ਼ਿਕ ਬੁਲੇਟਿਨ ਦੁਪਹਿਰ ਬਾਅਦ 1 ਵਜ ਕੇ 10 ਮਿੰਟ 'ਤੇ ਹੋਏਗਾ. ਨਮਸਕਾਰ!**